# ਤੱਥ ਸ਼ੀਟ: ਨਿਰਮਿਤ ਭੋਜਨ (ਹੋਰ ਸਾਰੇ ਭੋਜਨ) ਦੇ ਕਾਰੋਬਾਰ

ਸੇਫ ਫੂਡ ਫਾਰ ਕਨੇਡੀਅਨਜ਼ ਰੈਗੂਲੇਸ਼ਨਜ਼ (SFCR) ਤਹਿਤ ਜ਼ਰੂਰਤਾਂ ਨਿਰਮਿਤ ਭੋਜਨ ਸੈਕਟਰ (Manufactured Food Sector) ਵਿਚਲੇ ਕਾਰੋਬਾਰਾਂ 'ਤੇ ਲਾਗੂ ਹੁੰਦੀਆਂ ਹਨ ਜੋ ਅੰਤਰ-ਸੂਬਾਈ ਵਪਾਰ ਜਾਂ ਨਿਰਯਾਤ ਲਈ ਭੋਜਨ ਆਯਾਤ ਕਰਦੇ ਹਨ ਜਾਂ ਇਸਨੂੰ ਤਿਆਰ ਕਰਦੇ ਹਨ।

## ਇਸ ਸਫ਼ੇ ਤੇ


- ਨਿਰਮਿਤ ਭੋਜਨ ਕੀ ਹਨ (ਹੋਰ ਸਾਰੇ ਭੋਜਨ)
- ਮੁੱਖ ਲੋੜਾਂ
  1. ਲਾਇਸੈਂਸਿੰਗ
  2. ਰੋਕਥਾਮੀ ਕੰਟਰੋਲ ਅਤੇ ਰੋਕਥਾਮੀ ਕੰਟਰੋਲ ਯੋਜਨਾ ਦੀਆਂ ਲੋੜਾਂ
  3. ਲੱਭਣਯੋਗਤਾ
- ਸੰਬੰਧਤ ਲਿੰਕਸ


## ਨਿਰਮਿਤ ਭੋਜਨ ਕੀ ਹਨ (ਹੋਰ ਸਾਰੇ ਭੋਜਨ)?

ਆਮ ਤੌਰ 'ਤੇ ਨਿਰਮਿਤ ਭੋਜਨ ਵਸਤੂਆਂ ਵਿੱਚ ਉਹ ਭੋਜਨ ਹੁੰਦੇ ਹਨ ਜੋ ਹੋਰ ਅੱਠ ਭੋਜਨ ਵਸਤੂਆਂ ਦੀਆਂ ਸ਼੍ਰੇਣੀਆਂ (ਡੇਅਰੀ, ਅੰਡਾ, ਮੱਛੀ ਅਤੇ ਸਮੁੰਦਰੀ ਭੋਜਨ, ਤਾਜ਼ੇ ਫਲ ਅਤੇ ਸਬਜ਼ੀਆਂ, ਸ਼ਹਿਦ, ਮੇਪਲ, ਮੀਟ ਅਤੇ ਪੋਲਟਰੀ ਉਤਪਾਦ, ਅਤੇ ਸੋਧੇ ਹੋਏ ਫਲ ਅਤੇ ਸਬਜ਼ੀਆਂ) ਦੇ ਦਾਇਰੇ ਤੋਂ ਬਾਹਰ ਆਉਂਦੇ ਹਨ।

**ਨਿਰਮਿਤ ਭੋਜਨ ਵਿਚ ਸ਼ਾਮਲ ਹਨ:**

- ਅਲਕੋਹਲ ਵਾਲੇ ਪੇ-ਪਦਾਰਥ
- ਕਨਫੈਕਸ਼ਨਰੀ, ਸਵੀਟਨਰ, ਸਨੈਕ ਭੋਜਨ ਅਤੇ ਗੈਰ-ਬੇਕਰੀ ਮਿਠਾਈਆਂ
- ਫੈਟ ਅਤੇ ਤੇਲ
- ਭੋਜਨ ਰਸਾਇਣ
- ਅਨਾਜ ਤੋਂ ਬਣੇ ਭੋਜਨ
- ਬਾਲਾਂ ਲਈ ਭੋਜਨ
- ਮਲਟੀਪਲ ਭੋਜਨ (ਜਿਵੇਂ ਕਿ ਤਿਆਰ ਕੀਤੇ ਸ਼ਾਕਾਹਾਰੀ ਖਾਣੇ, ਸ਼ਾਕਾਹਾਰੀ ਪੀਜ਼ਾ, ਤਿਆਰ ਕੀਤੀਆਂ ਤਰਲ ਖੁਰਾਕਾਂ, ਅਤੇ ਮੀਲ ਰਿਪਲੇਸਮੈਂਟਾਂ)
- ਬਿਨਾਂ ਅਲਕੋਹਲ ਵਾਲੇ ਪੇ-ਪਦਾਰਥ
- ਗਿਰੀਆਂ, ਅਨਾਜੇ, ਬੀਜ
- ਮਸਾਲੇ, ਜੜੀਆਂ-ਬੂਟੀਆਂ, ਫਲੇਵਰਜ਼, ਮਸਾਲੇ, ਡਰੈਸਿੰਗਾਂ
- ਵੀਗਨ ਡੇਅਰੀ ਵਿਕਲਪ
- ਉਹ ਭੋਜਨ ਜੋ ਕਿਸੇ ਹੋਰ ਤਰ੍ਹਾਂ ਨਾਲ ਸੂਚੀਬੱਧ ਨਹੀਂ ਹਨ (ਜਿਵੇਂ ਕਿ ਕ੍ਰਿਕਟ ਆਟਾ, ਸੁੱਕੇ ਖਾਣੇ ਵਾਲੇ ਕੀੜੇ ਅਤੇ ਪੌਦਿਆਂ ਤੇ ਆਧਾਰਿਤ ਪ੍ਰੋਟੀਨ ਵਾਲੇ ਭੋਜਨ)

ਕਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ (CFIA) ਕੈਨੇਡਾ ਸਰਕਾਰ ਦੀ ਤਰਫ਼ੋਂ SFCR ਦੀ ਨਿਗਰਾਨੀ ਵਾਸਤੇ ਜ਼ਿੰਮੇਵਾਰ ਹੈ। CFIA ਰੈਗੂਲੇਟਡ ਕਾਰੋਬਾਰਾਂ ਨੂੰ ਉਹਨਾਂ ਔਜ਼ਾਰਾਂ, ਸਰੋਤਾਂ, ਮਾਰਗ-ਦਰਸ਼ਨ, ਅਤੇ ਸੇਵਾਵਾਂ ਪ੍ਰਦਾਨ ਕਰਵਾਕੇ ਨਿਯਮਾਂ ਦੀ ਪਾਲਣਾ ਵਿਚ ਮਦਦ ਕਰਦਾ ਹੈ ਜਿੰਨ੍ਹਾਂ ਦੀ ਉਹਨਾਂ ਨੂੰ ਰੈਗੂਲੇਟਰੀ ਜ਼ਰੂਰਤਾਂ ਤੋਂ ਜਾਣੂ ਹੋਣ ਅਤੇ ਇਹਨਾਂ ਦੀ ਪਾਲਣਾ ਕਰਨ ਲਈ ਲੋੜ ਹੋ ਸਕਦੀ ਹੈ।

## ਮੁੱਖ ਜ਼ਰੂਰਤਾਂ

SFCR ਦੀਆਂ ਮੁੱਖ ਲੋੜਾਂ ਵਿਚ ਸ਼ਾਮਲ ਹਨ ਲਾਇਸੈਂਸਿੰਗ, ਰੋਕਥਾਮੀ ਕੰਟਰੋਲ, ਸਮੇਤ ਰੋਕਥਾਮੀ ਕੰਟਰੋਲ ਯੋਜਨਾਵਾਂ, ਅਤੇ ਲੱਭਣਯੋਗਤਾ। ਇਹ ਲੋੜਾਂ ਜ਼ਿਆਦਾਤਰ ਨਿਰਮਿਤ ਭੋਜਨ ਕਾਰੋਬਾਰਾਂ 'ਤੇ ਲਾਗੂ ਹੁੰਦੀਆਂ ਹਨ ਜੋ ਭੋਜਨ ਦਾ ਆਯਾਤ ਕਰਦੇ ਹਨ ਜਾਂ ਨਿਰਯਾਤ ਵਾਸਤੇ ਤਿਆਰ ਕਰਦੇ ਹਨ ਜਾਂ ਇਹਨਾਂ ਨੂੰ ਸੂਬਾਈ ਜਾਂ ਖੇਤਰੀ ਸੀਮਾਵਾਂ ਦੇ ਆਰ-ਪਾਰ ਭੇਜਿਆ ਜਾਣਾ ਚਾਹੀਦਾ ਹੈ।15 ਜਨਵਰੀ, 2019 ਨੂੰ, ਇਹ ਲੋੜਾਂ ਪਹਿਲਾਂ ਫੈਡਰਲ ਪੱਧਰ ਤੇ ਰਜਿਸਟਡਰ ਸੈਕਟਰਾਂ ਵਿੱਚ ਭੋਜਨ ਕਾਰੋਬਾਰਾਂ ਵਾਸਤੇ ਲਾਗੂ ਹੋ ਗਈਆਂ (ਉਦਾਹਰਨ ਲਈ, ਮੀਟ, ਡੇਅਰੀ, ਮੱਛੀ, ਅੰਡਾ)। ਪਰ ਲਾਗੂ ਕਰਨ ਲਈ ਇੱਕ ਪੜਾਅਵਾਰ ਪਹੁੰਚ ਅਪਣਾਈ ਗਈ ਸੀ, ਜਿਸ ਨੇ ਨਿਰਮਿਤ ਭੋਜਨ ਕਾਰੋਬਾਰਾਂ ਨੂੰ ਤਾਮੀਲ ਕਰਨ ਲਈ ਵਾਧੂ ਸਮਾਂ ਪ੍ਰਦਾਨ ਕੀਤਾ ਸੀ।

## 1. ਲਾਇਸੈਂਸਿੰਗ

SFCR ਲਾਇਸੈਂਸਿੰਗ ਲੋੜਾਂ CFIA ਨੂੰ ਸਾਰੀਆਂ ਨਿਯੰਤ੍ਰਿਤ ਧਿਰਾਂ (ਕੁਝ ਅਪਵਾਦਾਂ ਦੇ ਅਧੀਨ) ਨਾਲ ਸੰਚਾਰ ਕਰਨ ਦਾ ਇੱਕ ਸਾਧਨ ਪ੍ਰਦਾਨ ਕਰਦੀਆਂ ਹਨ, ਜੋ ਉਸ ਸਮੇਂ ਸੁਧਰੀ ਹੋਈ ਸੰਕਟਕਾਲੀਨ ਪ੍ਰਤੀਕਿਰਿਆ ਨੂੰ ਸੁਵਿਧਾਜਨਕ ਬਣਾਉਂਦੀਆਂ ਹਨ ਜਦ ਭੋਜਨ ਸੁਰੱਖਿਆ ਦੇ ਮੁੱਦੇ ਵਾਪਰਦੇ ਹਨ। ੧੫ ਜੁਲਾਈ, ੨੦੨੦ ਤੋਂ ਉਨ੍ਹਾਂ ਸਾਰੇ ਕਾਰੋਬਾਰਾਂ ਲਈ ਲਾਇਸੈਂਸਿੰਗ ਜ਼ਰੂਰਤਾਂ ਅਮਲ ਵਿਚ ਆ ਗਈਆਂ, ਜਿਹੜੇ ਅਯਾਤ ਜਾਂ ਨਿਰਮਿਤ, ਪ੍ਰਾਸੈਸ, ਟਰੀਟ, ਪ੍ਰਿਜ਼ਰਵ, ਗਰੇਡ, ਪੈਕੇਜ ਜਾਂ ਲੇਬਲ ਨਿਰਮਤ ਭੋਜਨ ਕਰਦੇ ਹਨ, ਅੰਤਰ-ਸੂਬਾਈ ਟਰੇਡ ਜਾਂ ਨਿਰਯਾਤ ਲਈ। ਭੋਜਨ ਕਾਰੋਬਾਰੀ ਕਿਰਿਆਵਾਂ ਜਿਨ੍ਹਾਂ ਵਾਸਤੇ SFCR ਤਹਿਤ ਲਾਇਸੰਸ ਦੀ ਲੋੜ ਹੁੰਦੀ ਹੈ, ਗਾਈਡੰਸ ਦੀ ਸਮੀਖਿਆ ਕਰੋ ਅਤੇ ਇੰਟਰੈਕਟਿਵ ਲਾਇਸੈਂਸਿੰਗ ਟੂਲ ਦੀ ਵਰਤੋਂ ਕਰੋ, ਇਹ ਨਿਰਣਾ ਕਰਨ ਲਈ ਕਿ ਕੀ ਤੁਹਾਡੇ ਵੱਲੋਂ ਸੰਚਾਲਿਤ ਕੀਤੀਆਂ ਜਾਂਦੀਆਂ ਕਿਸੇ ਸਰਗਰਮੀਆਂ ਵਾਸਤੇ ਕੈਨੇਡੀਅਨਾਂ ਲਈ ਸੁਰੱਖਿਅਤ ਭੋਜਨ (SFC) ਲਾਇਸੰਸ ਦੀ ਲੋੜ ਹੈ। CFIA ਨੇ ਲਾਇਸੰਸ ਲਈ ਅਰਜ਼ੀ ਦੇਣ ਤੋਂ ਪਹਿਲਾਂ ਕਿਹੜੀਆਂ ਚੀਜ਼ਾਂ 'ਤੇ ਵਿਚਾਰ ਕਰਨਾ ਹੈ, ਬਾਰੇ ਮਾਰਗ-ਦਰਸ਼ਨ ਵੀ ਵਿਕਸਿਤ ਕੀਤਾ ਹੈ, ਜੋ ਤੁਹਾਨੂੰ ਤੁਹਾਡਾ My CFIA ਖਾਤਾ ਬਣਾਉਣ, ਤੁਹਾਡੇ ਲਾਇਸੰਸ ਢਾਂਚੇ ਨੂੰ ਨਿਰਧਾਰਤ ਕਰਨ ਅਤੇ ਤੁਹਾਡੇ ਲਾਇਸੰਸ ਲਈ ਅਰਜ਼ੀ ਦੇਣ ਵਿੱਚ ਮਦਦ ਕਰ ਸਕਦਾ ਹੈ।

### My CFIA ਅਕਾਊਂਟ ਤਿਆਰ ਕਰੋ

SFC ਲਾਇਸੰਸ ਪ੍ਰਾਪਤ ਕਰਨ ਦਾ ਪਹਿਲਾ ਕਦਮ CFIA ਦੇ ਸੁਰੱਖਿਅਤ ਅਤੇ ਸੁਵਿਧਾਜਨਕ ਔਨਲਾਈਨ ਸੇਵਾ ਪੋਰਟਲ – My CFIA ਰਾਹੀਂ ਸਾਈਨ ਅੱਪ ਕਰਨਾ ਹੈ। ਇਹ ਜਾਣਨ ਲਈ ਕਿ ਕਿਸੇ ਸੰਪਰਕ ਪ੍ਰੋਫ਼ਾਈਲ ਵਾਸਤੇ ਸਾਈਨ ਅੱਪ ਕਿਵੇਂ ਕਰਨਾ ਹੈ ਅਤੇ ਕਾਰੋਬਾਰੀ ਵਰਤੋਂ ਵਾਸਤੇ ਸਾਈਨ ਅੱਪ ਕਿਵੇਂ ਕਰਨਾ ਹੈ, ਸਮੇਤ ਉਸ ਜਾਣਕਾਰੀ ਵਾਸਤੇ ਜੋ ਤੁਹਾਡੇ ਕੋਲ ਹੋਣੀ ਚਾਹੀਦੀ ਹੈ, ਦੇਖੋ My CFIA ਵਾਸਤੇ ਸਾਈਨ ਅੱਪ ਕਰਨ ਤੋਂ ਪਹਿਲਾਂ। CFIA ਨੇ My CFIA ਵਰਤੋਂਕਾਰ ਗਾਈਡੰਸ ਵੀ ਵਿਕਸਿਤ ਕੀਤੀ ਹੈ, ਜਿਸ ਵਿੱਚ ਮਦਦਗਾਰੀ ਵੀਡੀਓ ਅਤੇ ਹਿਦਾਇਤਾਂ ਹਨ ਜੋ ਤੁਹਾਡੇ ਅਕਾਊਂਟ ਲਈ ਸਾਈਨ ਅੱਪ ਅਤੇ ਉਸਦਾ ਪ੍ਰਬੰਧ ਕਰਨ ਵਿਚ ਮਦਦ ਕਰਦੀਆਂ ਹਨ।

### SFC ਲਾਇਸੰਸ ਅਰਜ਼ੀ ਤੇ ਗਤੀਵਿਧੀ ਅਤੇ ਵਸਤੂ ਚੋਣ

ਜਦ ਤੁਸੀਂ ਕਿਸੇ SFC ਲਾਇਸੰਸ ਵਾਸਤੇ ਅਰਜ਼ੀ ਦਿੰਦੇ ਹੋ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਸਭ ਤੋਂ ਵੱਧ ਉਚਿਤ ਸਰਗਰਮੀ(ਆਂ) ਅਤੇ ਵਸਤੂਆਂ(ਵਾਂ) ਦੀ ਚੋਣ ਕਰੋ ਤਾਂ ਜੋ ਤੁਹਾਡਾ ਲਾਇਸੰਸ ਤੁਹਾਡੇ ਕਾਰੋਬਾਰ ਦੀ ਸਟੀਕਤਾ ਨਾਲ ਝਲਕ ਦੇਵੇ।

**ਯਾਦ ਰੱਖੋ**

ਮਾਰਗ-ਦਰਸ਼ਨ ਦਸਤਾਵੇਜ਼ ਦੇ ਅੰਤਿਕਾ A ਜਿਸਦਾ ਨਾਂ ਸੇਫ ਫੂਡ ਫੌਰ ਕਨੇਡੀਅਨਜ਼ ਲਾਇਸੰਸ ਲਈ ਅਪਲਾਈ ਕਰਨ ਤੋਂ ਪਹਿਲਾਂ ਕੀ ਵਿਚਾਰੀਏ ਹੈ, ਦੇਖੋ, ਜਿਸ ਵਿਚ ਉਹਨਾਂ ਭੋਜਨ ਵਸਤੂਆਂ ਦਾ ਵਰਣਨ ਅਤੇ ਉਦਾਹਰਨਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੀ ਲਾਇਸੰਸ ਅਰਜ਼ੀ ਪੂਰੀ ਕਰਨ ਸਮੇਂ ਚੋਣ ਕਰਨ ਦੀ ਲੋੜ ਪੈਂਦੀ ਹੈ। SFCR ਦੇ ਤਹਿਤ ਲਾਇਸੰਸਯੋਗ ਸਰਗਰਮੀਆਂ ਦੇ ਵਰਣਨਾਂ ਵਾਸਤੇ ਅੰਤਿਕਾ B ਨੂੰ ਦੇਖੋ।

ਵਧੇਰੇ ਸਾਧਨਾਂ ਅਤੇ ਮਾਰਗਦਰਸ਼ਨ ਲਈ My CFIA ਲੈਂਡਿੰਗ ਪੇਜ ਅਤੇ ਫੂਡ ਲਾਇਸੈਂਸ ਲੈਂਡਿੰਗ ਪੇਜ ਦੇਖੋ।

## ੨. ਰੋਕਥਾਮੀ ਕੰਟਰੋਲ ਅਤੇ ਰੋਕਥਾਮੀ ਕੰਟਰੋਲ ਯੋਜਨਾ ਦੀਆਂ ਜ਼ਰੂਰਤਾਂ

ਰੋਕਥਾਮ ਕੰਟਰੋਲ ਯੋਜਨਾਵਾਂ ਸਮੇਤ ਰੋਕਥਾਮ ਨਿਯੰਤਰਣ ਦੀਆਂ ਜ਼ਰੂਰਤਾਂ ੧੬ ਜੁਲਾਈ, ੨੦੨੧ ਨੂੰ ਸਾਰੇ ਨਿਰਮਿਤ ਭੋਜਨ ਲਾਇਸੰਸ ਧਾਰਕਾਂ ਲਈ ਲਾਗੂ ਹੋ ਗਈਆਂ ਸਨ।

ਇਹ ਲੋੜਾਂ ਭੋਜਨ ਸੁਰੱਖਿਆ ਦੇ ਜੋਖਮਾਂ ਦੀ ਰੋਕਥਾਮ ਕਰਨ ਲਈ ਅਤੇ ਦੂਸ਼ਿਤ ਅਤੇ ਗੈਰ-ਤਾਮੀਲ ਕਰਨ ਵਾਲੇ ਭੋਜਨ ਨੂੰ ਕੈਨੇਡੀਅਨ ਬਾਜ਼ਾਰ ਵਿੱਚ ਦਾਖਲ ਹੋਣ ਤੋਂ ਰੋਕਣ ਵਿੱਚ ਮਦਦ ਕਰਨ ਲਈ ਉਮੀਦ ਕੀਤੇ ਜਾਂਦੇ ਭੋਜਨ ਸੁਰੱਖਿਆ ਸਿੱਟਿਆਂ ਨੂੰ ਸਥਾਪਤ ਕਰਦੀਆਂ ਹਨ। ਇਹ ਭੋਜਨ ਸਾਫ਼-ਸਫ਼ਾਈ ਦੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਸਿਧਾਂਤਾਂ 'ਤੇ ਆਧਾਰਿਤ ਹਨ, ਜਿੰਨ੍ਹਾਂ ਵਿੱਚ ਵਧੀਆ ਨਿਰਮਾਣ ਪ੍ਰਥਾਵਾਂ (GMPs) ਅਤੇ ਖਤਰੇ ਦਾ ਵਿਸ਼ਲੇਸ਼ਣ ਕ੍ਰਿਟੀਕਲ ਕੰਟਰੋਲ ਪੁਆਇੰਟ (HACCP) ਦੇ ਸਿਧਾਂਤ ਸ਼ਾਮਲ ਹਨ।

ਦੇਖੋ ਰੈਗੂਲੇਟਰੀ ਜ਼ਰੂਰਤਾਂ: ਰੋਕਥਾਮੀ ਕੰਟਰੋਲ ਰੋਕਥਾਮੀ ਕੰਟਰੋਲ ਜ਼ਰੂਰਤਾਂ ਬਾਰੇ ਹੋਰ ਜਾਣਕਾਰੀ ਲਈ।

### ਰੋਕਥਾਮੀ ਕੰਟਰੋਲ ਯੋਜਨਾ

ਜ਼ਿਆਦਾਤਰ ਨਿਰਮਿਤ ਭੋਜਨ ਕਾਰੋਬਾਰ ਜੋ ਆਯਾਤ ਕਰਦੇ ਹਨ, ਅਤੇ ਨਾਲ ਹੀ ਉਹ ਜੋ ਨਿਰਮਾਣ, ਪ੍ਰੋਸੈਸਿੰਗ, ਇਲਾਜ, ਸਾਂਭ-ਸੰਭਾਲ, ਗਰੇਡਿੰਗ, ਪੈਕੇਜਿੰਗ ਜਾਂ ਕਿਸੇ ਭੋਜਨ ਨੂੰ ਨਿਰਯਾਤ ਕੀਤੇ ਜਾਣ ਜਾਂ ਅੰਤਰ-ਪ੍ਰਾਂਤਕੀ ਤੌਰ 'ਤੇ ਵਪਾਰ ਕੀਤੇ ਜਾਣ ਲਈ ਲੇਬਲ ਲਗਾਉਣ ਲਈ ਜ਼ਿੰਮੇਵਾਰ ਹਨ, ਉਹਨਾਂ ਨੂੰ ਇੱਕ ਰੋਕਥਾਮੀ ਕੰਟਰੋਲ ਯੋਜਨਾ (PCP) ਦੀ ਲੋੜ ਹੁੰਦੀ ਹੈ। ਇੱਕ PCP ਇੱਕ ਲਿਖਤੀ ਦਸਤਾਵੇਜ਼ ਹੁੰਦਾ ਹੈ ਜੋ ਇਹ ਦਿਖਾਉਂਦਾ ਹੈ ਕਿ ਭੋਜਨ ਅਤੇ ਭੋਜਨ-ਜਾਨਵਰਾਂ ਨੂੰ ਹੋਣ ਵਾਲੇ ਜੋਖ਼ਮਾਂ ਦੀ ਪਛਾਣ ਅਤੇ ਕੰਟਰੋਲ ਕਿਵੇਂ ਕੀਤਾ ਜਾਂਦਾ ਹੈ। ਇਸ ਵਿੱਚ ਪੈਕੇਜਿੰਗ, ਲੇਬਲਿੰਗ, ਗਰੇਡਿੰਗ ਅਤੇ ਪਛਾਣ ਦੇ ਮਿਆਰਾਂ ਨਾਲ ਸਬੰਧਿਤ ਤੱਤ ਵੀ ਸ਼ਾਮਲ ਹਨ।

ਨਿਮਨਲਿਖਤ ਦਸਤਾਵੇਜ਼ ਵਿਸ਼ੇਸ਼ ਕਸੌਟੀਆਂ ਨੂੰ ਉਜਾਗਰ ਕਰਦੇ ਹਨ ਅਤੇ PCPs ਨਾਲ ਸਬੰਧਿਤ ਲੋੜਾਂ ਦੀ ਪੂਰਤੀ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਪ੍ਰੋਗਰਾਮ ਦੇ ਅੰਸ਼ਾਂ ਦੀਆਂ ਉਦਾਹਰਨਾਂ ਪ੍ਰਦਾਨ ਕਰਦੇ ਹਨ:

- ਰੈਗੂਲੇਟਰੀ ਜ਼ਰੂਰਤਾਂ: ਰੋਕਥਾਮੀ ਕੰਟਰੋਲ ਯੋਜਨਾ
- ਘਰੇਲੂ ਫੂਡ ਬਿਜ਼ਨਸ ਲਈ ਰੋਕਥਾਮੀ ਕੰਟਰੋਲ ਯੋਜਨਾ ਟੈਂਪਲੇਟ
- ਨਿਰਯਾਤਕਾਂ ਲਈ ਰੋਕਥਾਮੀ ਕੰਟਰੋਲ ਯੋਜਨਾ ਤਿਆਰ ਕਰਨ ਵਾਸਤੇ ਗਾਈਡ

**PCP ਜ਼ਰੂਰਤਾਂ ਤੋਂ ਛੋਟ**

SFCR ਕੋਲ ਉਹਨਾਂ ਨਿਰਮਿਤ ਭੋਜਨ ਕਾਰੋਬਾਰਾਂ ਵਾਸਤੇ PCP ਲੋੜ ਵਾਸਤੇ ਅਪਵਾਦ ਹੈ ਜੋ ਕੁੱਲ ਸਾਲਾਨਾ ਭੋਜਨ ਵਿਕਰੀਆਂ ਵਿੱਚ $੧੦੦,੦੦੦ ਜਾਂ ਇਸਤੋਂ ਘੱਟ ਕਮਾਉਂਦੇ ਹਨ। ਇਹ ਨਿਰਣਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਕਿ ਕੀ ਤੁਸੀਂ ਇਸ ਅਪਵਾਦ ਵਾਸਤੇ ਯੋਗਤਾ ਪੂਰੀ ਕਰਦੇ ਹੋ, CFIA ਨੇ ਇਸ ਬਾਰੇ ਮਾਰਗ-ਦਰਸ਼ਨ ਦੀ ਸਿਰਜਣਾ ਕੀਤੀ ਹੈ ਕਿ ਕੁੱਲ ਵਿਕਰੀਆਂ ਦੀ ਗਣਨਾ ਕਰਦੇ ਸਮੇਂ ਤੁਹਾਨੂੰ ਕਿਸ ਚੀਜ਼ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਜੇ ਤੁਸੀਂ CFIA ਤੋਂ ਕੋਈ ਨਿਰਯਾਤ ਸਰਟੀਫਿਕੇਟ ਜਾਂ ਹੋਰ ਨਿਰਯਾਤ ਆਗਿਆ ਪ੍ਰਾਪਤ ਕਰਨੀ ਚਾਹੁੰਦੇ ਹੋ, ਤਾਂ ਇਹ ਅਪਵਾਦ ਲਾਗੂ ਨਹੀਂ ਹੁੰਦਾ। ਇਸਤੋਂ ਪਹਿਲਾਂ ਕਿ ਨਿਰਯਾਤ ਸਰਟੀਫਿਕੇਟ ਜਾਂ ਹੋਰ ਨਿਰਯਾਤ ਆਗਿਆ ਜਾਰੀ ਕੀਤੀ ਜਾ ਸਕੇ, ਤੁਹਾਡੇ ਕੋਲ ਲਾਜ਼ਮੀ ਤੌਰ 'ਤੇ ਇੱਕ PCP ਹੋਣਾ ਚਾਹੀਦਾ ਹੈ।

**ਯਾਦ ਰੱਖੋ**

ਚਾਹੇ ਤੁਸੀਂ PCP ਅਪਵਾਦ ਵਾਸਤੇ ਯੋਗਤਾ ਪੂਰੀ ਕਰਦੇ ਵੀ ਹੋ, ਤਾਂ ਵੀ ਹੋਰ ਰੋਕਥਾਮੀ ਕੰਟਰੋਲ ਲੋੜਾਂ ਤੁਹਾਡੇ 'ਤੇ ਲਾਗੂ ਹੁੰਦੀਆਂ ਹਨ, ਜਿੰਨ੍ਹਾਂ ਵਿੱਚ ਦਸਤਾਵੇਜ਼ਾਂ ਦੀਆਂ ਲੋੜਾਂ ਵੀ ਸ਼ਾਮਲ ਹਨ। ਉਦਾਹਰਨ ਲਈ, ਉਹ ਦਸਤਾਵੇਜ਼ ਜੋ ਤੁਹਾਡੀਆਂ ਸ਼ਿਕਾਇਤਾਂ ਅਤੇ ਯਾਦ ਕਰਨ ਦੀਆਂ ਪ੍ਰਕਿਰਿਆਵਾਂ ਦਾ ਵਰਣਨ ਕਰਦੇ ਹਨ।

ਸ਼ੁਰੂਆਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਔਜ਼ਾਰਾਂ ਅਤੇ ਮਾਰਗ-ਦਰਸ਼ਨ ਵਾਸਤੇ ਰੋਕਥਾਮੀ ਕੰਟਰੋਲ ਲੈਂਡਿੰਗ ਪੰਨੇ ਨੂੰ ਦੇਖੋ, ਜਿਸ ਵਿੱਚ ਰੋਕਥਾਮੀ ਕੰਟਰੋਲ ਯੋਜਨਾਵਾਂ ਵਾਸਤੇ ਗਾਈਡਾਂ ਅਤੇ ਟੈਂਪਲੇਟ ਵੀ ਸ਼ਾਮਲ ਹਨ।

# 3. ਲੱਭਣਯੋਗਤਾ

ਲੱਭਣਯੋਗਤਾ ਦੀਆਂ ਲੋੜਾਂ ੧੫ ਜੁਲਾਈ, ੨੦੨੦ ਨੂੰ ਨਿਰਮਿਤ ਭੋਜਨ ਲਾਇਸੰਸ ਧਾਰਕਾਂ, ਪ੍ਰਚੂਨ ਵਿਕਰੇਤਾਵਾਂ ਅਤੇ ਕਾਰੋਬਾਰਾਂ ਲਈ ਲਾਗੂ ਹੋਈਆਂ ਜੋ ਅੰਤਰ-ਪ੍ਰਾਂਤਕੀ ਤੌਰ 'ਤੇ ਨਿਰਯਾਤ ਜਾਂ ਵਪਾਰ ਕਰਦੇ ਹਨ। ਉਹ ਭੋਜਨ ਸੁਰੱਖਿਆ ਜਾਂਚਾਂ ਅਤੇ ਵਾਪਸ ਮੰਗਵਾਉਣ (recall) ਦਾ ਸਮਰਥਨ ਕਰਦੇ ਹਨ, ਸਪਲਾਈ ਚੇਨ ਰਾਹੀਂ ਭੋਜਨ ਨੂੰ ਇੱਕ ਕਦਮ ਅੱਗੇ ਅਤੇ ਇੱਕ ਕਦਮ ਪਿੱਛੇ ਟਰੇਸ ਕਰਕੇ।

ਪਤਾ ਲਗਾਉਣ ਦੀ ਯੋਗਤਾ ਦੀਆਂ ਲੋੜਾਂ ਦੇ ਦੋ ਭਾਗ ਹੁੰਦੇ ਹਨ: ਦਸਤਾਵੇਜ਼ਾਂ ਦੀਆਂ ਲੋੜਾਂ ਅਤੇ ਲੇਬਲਿੰਗ ਲੋੜਾਂ

## ਦਸਤਾਵੇਜ਼ੀਕਰਨ

ਜੇ ਟਰੇਸੇਬਿਲਟੀ-ਵਿਸ਼ੇਸ਼ ਦਸਤਾਵੇਜ਼ਾਂ ਦੀਆਂ ਲੋੜਾਂ ਤੁਹਾਡੇ ਭੋਜਨ ਕਾਰੋਬਾਰ 'ਤੇ ਲਾਗੂ ਹੁੰਦੀਆਂ ਹਨ ਤਾਂ ਤੁਹਾਨੂੰ ਇਹਨਾਂ ਲੱਭਣਯੋਗਤਾ ਦਸਤਾਵੇਜ਼ਾਂ ਨੂੰ ਤਿਆਰ ਕਰਨ, ਅਤੇ ਸਾਂਭ ਕੇ ਰੱਖਣ ਦੀ ਲੋੜ ਪਵੇਗੀ। ਇਹਨਾਂ ਲੋੜਾਂ ਦੀ ਪੂਰਤੀ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਸਪਲਾਈ ਚੇਨ ਵਿੱਚ ਤੁਹਾਡੇ ਵੱਲੋਂ ਪ੍ਰਦਾਨ ਕੀਤੇ ਜਾਂਦੇ ਭੋਜਨ ਦੀ ਹਿਲਜੁੱਲ 'ਤੇ ਨਜ਼ਰ ਰੱਖਣ ਦੇ ਯੋਗ ਹੋਣਾ ਚਾਹੀਦਾ ਹੈ – ਜਿਵੇਂ ਵੀ ਲਾਗੂ ਹੁੰਦਾ ਹੋਵੇ, ਅੱਗੇ ਵੱਲ ਪਹਿਲਾ ਗਾਹਕ ਅਤੇ ਪਿੱਛੇ ਵੱਲ ਪਹਿਲਾ ਸਪਲਾਇਰ। ਇਹ ਨਿਰਣਾ ਕਰਨ ਲਈ ਟਰੇਸੇਬਿਲਟੀ ਇੰਟਰਐਕਟਿਵ ਟੂਲ ਨੂੰ ਦੇਖੋ ਕਿ ਕੀ ਲੱਭਣਯੋਗਤਾ ਦੀਆਂ ਦਸਤਾਵੇਜ਼ਾਂ ਦੀਆਂ ਲੋੜਾਂ ਤੁਹਾਡੇ ਕਾਰੋਬਾਰ 'ਤੇ ਲਾਗੂ ਹੁੰਦੀਆਂ ਹਨ।

## ਲੇਬਲਿੰਗ

ਟਰੇਸੇਬਿਲਟੀ-ਵਿਸ਼ੇਸ਼ ਲੇਬਲਿੰਗ ਲੋੜਾਂ ਦੇ ਭਾਗ ਵਜੋਂ, ਜ਼ਿਆਦਾਤਰ ਭੋਜਨਾਂ ਤੋਂ ਲੋੜਿਆ ਜਾਂਦਾ ਹੈ ਕਿ ਉਹਨਾਂ ਕੋਲ ਇੱਕ ਲੌਟ ਕੋਡ ਜਾਂ ਵਿਲੱਖਣ ਪਛਾਣਕਰਤਾ ਲਗਾਇਆ ਜਾਵੇ, ਇਸਨੂੰ ਉਸ ਸਮੇਂ ਲਗਾਇਆ ਜਾਵੇ ਜਾਂ ਇਸਦੇ ਨਾਲ ਰੱਖਿਆ ਜਾਵੇ ਜਦ ਇਹ ਕਿਸੇ ਹੋਰ ਵਿਅਕਤੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਲੱਭਣਯੋਗਤਾ ਜਾਣਕਾਰੀ ਜੋ ਕਿਸੇ ਭੋਜਨ 'ਤੇ ਲਗਾਈ ਜਾਂਦੀ ਹੈ ਜਾਂ

ਇਸਦੇ ਨਾਲ ਨੱਥੀ ਕੀਤੀ ਜਾਂਦੀ ਹੈ ਜਾਂ ਜੋ ਕਿਸੇ ਭੋਜਨ ਦੇ ਨਾਲ ਜਾਂਦੀ ਹੈ, ਤੁਹਾਨੂੰ ਅਤੇ ਉਸ ਵਿਅਕਤੀ ਜਿਸਨੇ ਇਸ ਨੂੰ ਪ੍ਰਾਪਤ ਕੀਤਾ, ਦੋਨਾਂ ਨੂੰ ਹੀ ਅਸਰਦਾਰ ਤਰੀਕੇ ਨਾਲ ਇਹ ਪਛਾਣ ਕਰਨ ਦੇ ਯੋਗ ਬਣਾਵੇਗੀ ਕਿ ਕੀ ਕੋਈ ਵਿਸ਼ੇਸ਼ ਭੋਜਨ ਵਾਪਸ ਬੁਲਾਇਆ ਜਾ ਸਕਦਾ ਹੈ। ਇਹ ਨਿਰਣਾ ਕਰਨ ਲਈ ਟਰੇਸੇਬਿਲਟੀ-ਵਿਸ਼ੇਸ਼ ਲੇਬਲਿੰਗ ਲੋੜਾਂ ਨੂੰ ਦੇਖੋ ਕਿ ਕੀ ਟਰੇਸੇਬਿਲਟੀ-ਵਿਸ਼ੇਸ਼ ਲੇਬਲਿੰਗ ਲੋੜਾਂ ਤੁਹਾਡੇ ਕਾਰੋਬਾਰ 'ਤੇ ਲਾਗੂ ਹੁੰਦੀਆਂ ਹਨ।

ਰੈਗੂਲੇਟਰੀ ਜ਼ਰੂਰਤਾਂ: ਲੱਭਣਯੋਗਤਾ ਲਈ ਲੱਭਣਯੋਗਤਾ ਜ਼ਰੂਰਤਾਂ ਦੀ ਵਿਆਖਿਆ ਦੇਖੋ।

ਵਧੇਰੇ ਟੂਲਾਂ ਅਤੇ ਗਾਈਡੰਸ ਲਈ ਫੂਡ ਲੈਂਡਿੰਗ ਪੇਜ ਲਈ ਲੱਭਣਯੋਗਤਾ ਦੇਖੋ।

## ਤੁਹਾਡੀ ਰੁਚੀ ਨਿਮਲਿਖਤ ਵਿਚ ਵੀ ਹੋ ਸਕਦੀ ਹੈ:

- ਸ਼ੁਰੂਆਤ ਕਰਨੀ: ਕਾਰੋਬਾਰਾਂ ਲਈ ਟੂਲਕਿੱਟ
- SFCR ਨੂੰ ਸਮਝਣਾ: ਭੋਜਨ ਕਾਰੋਬਾਰਾਂ ਲਈ ਹੈਂਡਬੁੱਕ
- ਸਵਾਲ ਤੇ ਜਵਾਬ: ਸੇਫ ਫੂਡ ਫੌਰ ਕਨੇਡੀਅਨ ਰੈਗੂਲੇਸ਼ਨਜ਼
- ਮੁੱਖ ਸ਼ਬਦਾਂ ਦੀ ਸੂਚੀ
- ਗਾਈਡੰਸ ਫਾਈਂਡਰ